DYAL SINGH

ਰੰਗ-ਬਰੰਗੀ ਫੁੱਲ

[ਅਤਯੰਤ ਸੁਆਦਲੀਆਂ ਤੇ ਸਿੱਖਯਾਦਾਇਕ ਕਹਾਣੀਆਂ]

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੧੫੮



ک ۴۶۹

رنگ برنگی پھول

ਲੇਖਕ—ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ

ਪ੍ਰਕਾਸ਼ਕ !
ਭਾਈ ਖੁਸ਼ਹਾਲ ਸਿੰਘ ਸੂਰਜ ਸਿੰਘ ਪੁਸਤਕਾਂ ਵਾਲੇ
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਪਹਿਲੀ ਵਾਰ ੧੦੦੦] ਸਭ ਹੱਕ ਰਾਖਵੇਂ ਹਨ [ਕੀਮਤ ॥)

ਕੀਮਤ ਬੜੀ ਰਿਆਇਤੀ ਕੇਵਲ ॥) ਅੱਠ ਆਨੇ

ਤਤਕਰਾ

ਭੂ.ਕੇ
ਸੌ ੧੮੪
22697

ਨੰ:	ਸਫਾ	ਨੰ:	ਸਫਾ
੧. ਵਲੈਤ ਦਾ ਵਹਿਮੀ ਮੇਜਰ	੧	੨. ਕੌਮ ਹਿਤ ਕੁਰਬਾਨੀ	੧੩
੩. ਮਿੱਤ੍ਰ ਧ੍ਰੋਹ	੨੩	੪. ਅਮ੍ਰੀਕਾ ਦਾ ਜੌਹਰੀ	੩੨
੫. ਚੋਰਾਂ ਦੇ ਹੱਥ ਕੰਡੇ	੪੩	੬. ਅਰਬ ਪਤੀ ਦੀ ਦੁਰਦਸ਼ਾ	੫੨
੭. ਭੂਤ ਕਹਾਣੀ	੬੧	੮. ਨਿੱਕਾ ਨੌਕਰ ਵੱਡਾ ਕੰਮ	੬੯

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਵਲੈਤ ਦਾ ਵਹਿਮੀ-ਮੇਜਰ

ਵਹਿਮ ਦਾ ਅਸਰ !

ਵਲੈਤ ਦੇ ਇਕ ਪਬਲਿਕ ਹਊਸ ਵਿੱਚ (ਜਿਥੇਕਿ ਆਮ ਲੋਕ ਜਾਕੇ ਹਸਦੇ ਖੇਡਦੇ ਅਤੇ ਖਾਂਦੇ ਪੀਂਦੇ ਹਨ) ਕੁਝ ਆਦਮੀ ਬੈਠੇ ਖਾਣਾ ਖਾ ਰਹੇ ਸਨ ਅਤੇ ਨਾਲ ਹੀ ਗੱਪਾਂ ਵੱਜ ਰਹੀਆਂ ਸਨ ਤੇ ਹਾਸੇ ਠੱਠੇ ਹੋ ਰਹੇ ਸਨ। ਪਹਿਲਾਂ ਤਾਂ ਸ਼ਿਕਾਰ ਦੀ ਬਾਬਤ ਗੱਲ ਬਾਤ ਛਿੜੀ ਅਤੇ ਹਰੇਕ ਆਦਮੀ ਨੇ ਆਪੋ ਆਪਣੀ ਕਥਾ ਸੁਣਾਈ, ਫੇਰ ਝੱਟ ਪੱਟ ਗੱਲਾਂ ਬਾਤਾਂ ਦੀ ਵਾਗ *ਡੂਇਲ ਦੇ ਪਾਸੇ ਵੱਲ ਮੁੜ ਪਈ ਅਤੇ ਹਰੇਕ ਆਦਮੀ ਨੇ ਆਪਣੇ ਨਾਲ ਬੀਤੀ ਜਾਂ ਅੱਖੀਂ ਵੇਖੀ ਕੋਈ ਨਾ ਕੋਈ ਕਥਾ ਸੁਣਾ ਕੇ ਆਪਣੇ ਮਿੱਤ੍ਰਾਂ ਨੂੰ ਪ੍ਰਸੰਨ ਕੀਤਾ।

---

*ਵਲੈਤ ਵਿਚ ਜਦ ਕਦੀ ਕਿਸੇ ਦੋ ਆਦਮੀਆਂ ਦਾ ਆਪੋ ਵਿਚ ਕਿਸੇ ਮਾਮਲੇ ਤੇ ਝਗੜਾ ਹੋ ਜਾਂਦਾ ਸੀ ਤਾਂ ਓਹ ਓਸ ਝਗੜੇ ਦੇ ਨਬੇੜਨ ਵਾਸਤੇ ਆਪੋ ਵਿਚ ਲੜ ਪਿਆ ਕਰਦੇ ਸਨ। ਏਸ ਲੜਾਈ ਦਾ ਨਾਂ "ਡੂਇਲ" ਹੁੰਦਾ ਸੀ, ਡੂਇਲ ਦੀ ਸਮਾਪਤੀ ਇਕ ਆਦਮੀ ਦੇ ਹਾਰ ਮੰਨ ਜਾਣ ਜਾਂ ਮਰ ਜਾਣ ਪਰ ਹੀ ਹੁੰਦੀ ਸੀ। ਹੁਣ ਸਰਕਾਰ ਨੇ ਏਸ ਵਾਹਯਾਤ ਰਸਮ ਨੂੰ ਬੰਦ ਕਰ ਦਿੱਤਾ ਹੈ।

ਓਹਨਾਂ ਵਿੱਚੋਂ ਇਕ ਆਦਮੀ ਦੀ ਉਮਰ ੯੦ ਵਰ੍ਹਿਹਾਂ ਦੀ ਸੀ ਅਤੇ ਓਹ ਜਵਾਨੀ ਵਿਚ ਫੌਜ ਦਾ ਮੇਜਰ ਰਹਿ ਚੁਕਾ ਸੀ, ਓਹ ਸਾਰਿਆਂ ਦੀਆਂ ਗੱਲਾਂ ਚੁਪ ਕਰਕੇ ਸੁਣਦਾ ਰਿਹਾ ਸੀ, ਅੰਤ ਓਹਨਾਂ ਆਦਮੀਆਂ ਵਿਚੋਂ ਇਕ ਨੇ ਮੇਜਰ ਵੱਲ ਤੱਕਕੇ ਕਿਹਾ "ਕਿਉਂ ਜੀ! ਤੁਸੀਂ ਵੀ ਕਦੇ ਡੂਇਲ ਲੜੇ ਹੋ?"

ਮੇਜਰ–ਹੈਂ? ਕੀ ਮੈਂ ਕਦੀ ਡੂਇਲ ਲੜਿਆ ਹਾਂ?

ਆਦਮੀ–ਹਾਂ, ਜੇਕਰ ਆਪ ਏਹ ਪੁੱਛਨਾ ਗੁਸਤਾਖੀ ਨਾ ਸਮਝੋ ਤਾਂ।

ਮੇਜਰ–(ਮੁਸਕ੍ਰਾਕੇ) ਹਾਂ, ਮੈਂ ਆਪਣੀ ਸਾਰੀ ਉਮਰ ਵਿੱਚ ਕੇਵਲ ਇਕੋ ਵਾਰ ਡੂਇਲ ਲੜਿਆ ਹਾਂ, ਓਦੋਂ ਮੇਰੀ ਜਵਾਨੀ ਸ਼ੁਰੂ ਸੀ, ਪਰ ਮੈਨੂੰ ਓਸ ਡੂਇਲ ਤੋਂ ਅਜੇਹੀ ਸੰਥਾ ਮਿਲੀ ਕਿ ਮੈਂ ਫੇਰ ਕਦੀ ਡੂਇਲ ਲੜਨ ਦਾ ਨਾਮ ਨਹੀਂ ਲਿਆ।

ਆਦਮੀ–ਮੇਰੇ ਖਿਆਲ ਵਿਚ ਆਪ ਨੇ ਆਪਣੇ ਵੈਰੀ ਨੂੰ ਕਤਲ ਕਰ ਸੁੱਟਿਆ ਹੋਵੇਗਾ!

ਮੇਜਰ–ਨਹੀਂ ਸਗੋਂ ਮੈਂ ਆਪਣੇ ਆਪ ਨੂੰ ਬੜਾ ਮੂਰਖ, ਨਕਾਰਾ, ਡਰਾਕਲ ਤੇ ਕਾਇਰ ਸਾਬਤ ਕਰ ਦਿੱਤਾ ਸੀ ਅਤੇ ਮੁਫਤ ਵਿਚ ਆਪਣੀ ਪਿਆਰੀ ਬਣਨ ਵਾਲੀ ਅਰਧੰਗੀ ਨੂੰ ਵੀ ਹਥੋਂ ਗੁਆ ਲਿਆ ਸੀ।

ਆਦਮੀ–ਤਾਂ ਕੀ ਏਹ ਵਾਰਤਾ ਬੜੀ ਦਰਦਨਾਕ ਹੈ ਅਤੇ ਆਪ ਓਸ ਨੂੰ ਸੁਣਾਉਣ ਦਾ ਹੌਸਲਾ ਨਹੀਂ ਕਰ ਸਕਦੇ?

ਮੇਜਰ–ਨਹੀਂ, ਹੁਣ ਤਾਂ ਮੈਂ ਦੁੱਖਾਂ ਦੀ ਹੱਦ ਟੱਪ ਗਿਆ ਹਾਂ, ਜੇ ਤੁਸੀਂ ਸਾਰੇ ਜਣੇ ਚਾਹੋ ਤਾਂ ਮੈਂ ਸੁਣਾ ਦੇਂਦਾ ਹਾਂ, ਏਹਦੇ ਵਿਚ ਨੌਜਵਾਨਾਂ ਵਾਸਤੇ ਇਕ ਉੱਤਮ ਸਿੱਖਯਾ ਵੀ ਹੈ।

ਸਾਰਿਆਂ ਨੇ ਇਕ ਜ਼ਬਾਨ ਹੋਕੇ ਚਾਹ ਪ੍ਰਗਟ ਕੀਤੀ ਅਤੇ ਮੇਜਰ ਏਸ ਤਰਾਂ ਆਖਣ ਲੱਗਾ:–

"ਮੇਰੀ ਵਾਰਤਾ ਓਸ ਸਮੇਂ ਦੀ ਹੈ ਜਦੋਂ ਕਿ ਸ੍ਰੀ ਮਤੀ ਮਲਕਾਂ ਮਹਾਰਾਣੀ ਜੀ ਰਾਜ ਸਿੰਘਾਸਨ ਉੱਤੇ ਬੈਠੇ ਸਨ, ਮੈਂ ਓਦੋਂ ਲਗ ਭਗ ੧੬ ਵਰ੍ਹਿਆਂ ਦਾ ਸਾਂ, ਮੇਰਾ ਪਿਤਾ ਫੌਜ ਦਾ ਜਰਨੈਲ ਸੀ ਅਤੇ ਮੈਂ ਵੀ ਇਕ ਪਲਟਨ ਵਿਚ ਨੌਕਰ ਸਾਂ, ਖਰਚ ਵਾਸਤੇ ਰੁਪੱਯਾ ਮੈਨੂੰ ਬਥੇਰਾ ਮਿਲ ਜਾਂਦਾ ਸੀ, ਜੋ ਸਾਰੇ ਦਾ ਸਾਰਾ ਮੈਂ ਆਪਣੇ ਸਰੀਰ ਨੂੰ ਸਜਾਉਣ ਉੱਤੇ ਹੀ ਖਰਚ ਕਰ ਛੱਡਦਾ ਸਾਂ, ਮੇਰੀ ਸ਼ਕਲ ਸੂਰਤ ਵੀ ਚੰਗੀ ਸੀ, ਏਸ ਵਾਸਤੇ ਲੇਡੀਆਂ ਮੈਨੂੰ ਬਹੁਤ ਪਿਆਰ ਕਰਦੀਆਂ ਸਨ, ਗੱਲ ਕੀ ਮੇਰੇ ਦਿਨ ਬੜੇ ਸੁਖ ਤੇ ਬੇਫਿਕਰੀ ਨਾਲ ਲੰਘਦੇ ਸਨ, ਇਤਫਾਕ ਨਾਲ ਇਕ ਨਾਚ ਦੇ ਸਮੇਂ ਮੈਨੂੰ ਇਕ ਲੇਡੀ ਨਾਲ ਮਿਲਨ ਦਾ ਸਮਾਂ ਮਿਲਿਆ, ਓਹ ਲੇਡੀ ਬੜੀ ਹੀ ਸੁੰਦ੍ਰ ਸੀ, ਓਸ ਨੂੰ ਵੇਖਦਿਆਂ ਹੀ ਮੈਂ ਓਹਦੇ ਉੱਤੇ ਮੋਹਿਤ ਹੋ ਗਿਆ, ਮੈਂ ਓਹਦੇ ਨਾਲ *ਰਲਕੇ ਨੱਚਦਾ ਰਿਹਾ ਅਤੇ ਅਗੋਂ ਜਿਸਤਰਾਂ ਹੋ ਸਕੇ ਓਸ ਨੂੰ ਮਿਲਨ ਦੇ ਰਾਹ ਲੱਭਦਾ ਰਿਹਾ, ਗੱਲ ਕੀ ਦਿਨੋ ਦਿਨ ਸਾਡਾ ਪਿਆਰ ਆਪੋ ਵਿਚ ਵਧਦਾ ਰਿਹਾ, ਲੇਡੀ ਨੂੰ ਵੀ ਮੇਰੇ ਨਾਲ ਬੜਾ ਪ੍ਰੇਮ ਹੋ ਗਿਆ, ਇਕ ਦਿਨ ਮੈਂ ਵੇਲਾ ਤਾੜਕੇ ਓਹਦੇ ਅਗੇ ਵਿਆਹ ਦੀ ਗੱਲ ਕੀਤੀ ਜਿਸ ਨੂੰ ਓਸ ਨੇ ਬੜੀ ਖੁਸ਼ੀ ਨਾਲ ਪ੍ਰਵਾਨ ਕਰ ਲਿਆ, ਮੇਰੇ

---

*ਅੰਗ੍ਰੇਜ਼ਾਂ ਵਿਚ ਤੀਵੀਆਂ ਮਰਦ ਕੱਠੇ ਹੋਕੇ ਤੇ ਇਕ ਦੂਜੇ ਦਾ ਹੱਥ ਫੜਕੇ ਨੱਚਦੇ ਹਨ।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.